ਦਫਤਰ ਡਾਇਰੈਕਟਰ ਸਕੂਲ ਐਜੂਕੇਸ਼ਨ (ਸੈਕੰਡਰੀ), ਪੰਜਾਬ, ਐਸ.ਏ.ਐਸ. ਨਗਰ
ਪੀ.ਐਸ.ਈ.ਬੀ. ਕੰਪਲੈਕਸ, ਫੇਜ਼-8, ਐਸ.ਏ.ਐਸ. ਨਗਰ
(ਦਫਤਰੀ ਅਮਲਾ ਸ਼ਾਖਾ)

ਸੇਵਾ ਵਿਖੇ,

ਸਮੂਹ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ/ਐ.ਸਿ.)
ਪੰਜਾਬ।

ਮੀਮੋ ਨੰ.: ਈ/625957-**DPISE-ME0GENL/6/2024**-ਦਅ(2)/
ਮਿਤੀ: 02.01.2024

ਵਿਸ਼ਾ:- ਉਚੇਰੀ ਸਿੱਖਿਆ ਵਿਭਾਗ ਵਿੱਚ ਮਨਿਸਟੀਰੀਅਲ ਸਟਾਫ ਦਾ ਵੱਖਰਾ ਕਾਡਰ ਬਣਾਉਣ ਸਬੰਧੀ ਮਿਤੀ 28.10.2021 ਨੂੰ ਹੋਈ ਨੋਟੀਫਿਕੇਸ਼ਨ ਅਨੁਸਾਰ ਆਪਸ਼ਨ ਦੇਣ ਸਬੰਧੀ।

1.0 ਪੰਜਾਬ ਸਰਕਾਰ ਵੱਲੋਂ ਉਚੇਰੀ ਸਿੱਖਿਆ ਵਿਭਾਗ ਵਿੱਚ ਮਨਿਸਟੀਰੀਅਲ ਸਟਾਫ ਦਾ ਵੱਖਰਾ ਕਾਡਰ ਬਣਾਉਣ ਸਬੰਧੀ ਮਿਤੀ 28.10.2021 ਨੂੰ ਨੋਟੀਫਿਕੇਸ਼ਨ ਕੀਤੀ ਗਈ ਸੀ, ਜਿਸ ਅਨੁਸਾਰ ਹੇਠ ਅਨੁਸਾਰ ਨਿਯਮ ਘੋਸ਼ਿਤ ਕੀਤੇ ਗਏ ਸਨ:-

1. Punjab State Educational (Ministerial Staff of Higher Education Department Group 'A') Service Rules, 2021.
2. Punjab State Educational (Ministerial Staff of Higher Education Department Group 'B') Service Rules, 2021.
3. Punjab State Educational (Ministerial Staff of Higher Education Department Group 'C') Service Rules, 2021.

2.0 ਉਚੇਰੀ ਸਿੱਖਿਆ ਵਿਭਾਗ ਵਿੱਚ ਮਨਿਸਟਰੀਅਲ ਸਟਾਫ ਦੀਆਂ ਗਰੁੱਪ ਏ, ਬੀ ਅਤੇ ਸੀ ਦਾ ਵੱਖਰਾ ਕਾਡਰ ਮੌਜੂਦਾ ਕਾਡਰਾਂ ਵਿੱਚੋਂ ਬਣਾਇਆ ਜਾਣਾ ਹੈ। ਇਸ ਸਮੇਂ ਮੁੱਖ ਦਫਤਰ ਅਤੇ ਅਧੀਨ ਦਫਤਰਾਂ ਵਿੱਚ ਮਨਿਸਟਰੀਅਲ ਸਟਾਫ ਨਾਲ ਸਬੰਧਤ ਹੇਠ ਲਿਖੇ ਕਾਡਰ ਮੌਜੂਦ ਹਨ:-

1. Punjab Education Department (Ministerial Staff of Headquarter) Group A Service Rules, 2018.
2. Punjab Education Department (Ministerial Staff of Headquarter) Group B Service Rules, 2018
.
3. Punjab Education Department Ministerial and Non Teaching Staff (Headquarter) Group C Service Rules, 2018.
4. Punjab Education Department (Ministerial Staff of Subordinate Offices) Group B Service Rules, 2018.
5. Punjab Education Department Ministerial Staff (Border Area) Group B Service Rules, 2018.
6. Punjab Education Department Ministerial and Non Teaching Staff (Subordinate Offices) Group C Service Rules, 2018.
7. Punjab Education Department Ministerial and Non Teaching Staff (Border Area) Group C Service Rules, 2018.

Scanned with OKEN Scanner

3.0 ਨਵੇਂ ਬਣਾਏ ਗਏ ਗਰੁੱਪ ਏ ਦੇ ਨਿਯਮਾਂ ਦੇ ਨਿਯਮ 1 ਦੇ ਉਪ ਨਿਯਮ 4 ਵਿੱਚ ਹੇਠ ਅਨੁਸਾਰ ਉਪਬੰਧ ਕੀਤਾ ਗਿਆ ਹੈ:-

" (4) The Members of the existing cadre whose services are governed under the Punjab Education Department (Ministerial Staff of Headquarter) Group 'A' Service Rules, 2018 shall have the right to exercise the option to retain their present cadre or become members of newly created service within three months from the date of commencement of these rules:

Provided that while exercising option, principle of seniority shall be the deciding factor keeping in view the number of posts in the service:

Provided further the present post held by the existing members of Service, who will exercise the option to become members of the newly created Services shall remain protected as a measure personal irrespective of their future seniority position in the newly created Service.

Provided further that in case any employee does not exercise his option within the specified prescribed period, he shall be deemed to have opted for existing cadre:

Provided further that the option once exercised shall be final."

4.0 ਇਸ ਦਫਤਰ ਦੇ ਪੱਤਰ ਮਿਤੀ 24.12.2021 ਰਾਹੀਂ ਖੇਤਰੀ ਦਫਤਰਾਂ/ ਸਕੂਲਾਂ/ ਸਸੰਥਾਵਾਂ / ਕਾਲਜਾਂ ਵਿੱਚ ਕੰਮ ਕਰਦੇ ਅਧਿਕਾਰੀਆਂ/ਕਰਮਚਾਰੀਆਂ ਪਾਸੋਂ ਆਪਸ਼ਨਾਂ ਲਈਆਂ ਗਈਆਂ ਸਨ, ਕਿ ਉਹ ਆਪਣੇ ਮੌਜੂਦਾ ਕਾਡਰ ਵਿੱਚ ਕੰਮ ਕਰਨਾ ਚਾਹੁੰਦੇ ਹਨ ਜਾਂ ਨਵੇਂ ਬਣੇ ਕਾਡਰ ਭਾਵ ਉਚੇਰੀ ਸਿੱਖਿਆ ਵਿਭਾਗ ਵਿੱਚ ਕੰਮ ਕਰਨਾ ਚਾਹੁੰਦੇ ਹਨ। ਜਿਹਨਾਂ ਅਧਿਕਾਰੀਆਂ/ ਕਰਮਚਾਰੀਆਂ ਪਾਸੋਂ ਆਪਸ਼ਨਾਂ ਦਿੱਤੀ ਗਈਆਂ ਸਨ, ਇਸ ਸਮੇਂ ਉਨ੍ਹਾਂ ਵਿੱਚੋਂ ਕਈ ਅਧਿਕਾਰੀ/ ਕਰਮਚਾਰੀ ਰਿਟਾਇਰ ਹੋ ਚੁੱਕੇ ਹਨ, ਕੁਝ ਦੀ ਪ੍ਰਮੋਸ਼ਨ ਹੋ ਚੁੱਕੀ ਹੈ ਅਤੇ ਕੁਝ ਦੀ ਮੌਤ ਹੋ ਚੁੱਕੀ ਹੈ, ਜਿਸ ਅਨੁਸਾਰ ਹੁਣ ਸਥਿਤੀ ਵਿੱਚ ਕਾਫੀ ਬਦਲਾਅ ਹੋ ਚੁੱਕਾ ਹੈ। ਵਿਭਾਗ ਵੱਲੋਂ ਇਹ ਫੈਸਲਾ ਲਿਆ ਗਿਆ ਹੈ ਕਿ ਮਨਿਸਟੀਰੀਅਲ ਸਟਾਫ ਦਾ ਕਾਡਰ ਵੱਖਰਾ ਕਰਨ ਸਬੰਧੀ ਅਗਲੇਰੀ ਕਾਰਵਾਈ ਕਰਨ ਤੋਂ ਪਹਿਲਾਂ ਮੁੜ ਤੋਂ ਸਿੱਖਿਆ ਵਿਭਾਗ ਦੇ ਮਨਿਸਟੀਰੀਅਲ ਸਟਾਫ ਦੇ ਸਮੂਹ ਅਧਿਕਾਰੀਆਂ/ ਕਰਮਚਾਰੀਆਂ ਤੋਂ ਮੁੜ ਨਵੇਂ ਸਿਰੇ ਤੋਂ ਆਪਸ਼ਨਾਂ ਲੈਣ ਦੀ ਲੋੜ ਹੈ।

5.0 ਇਸ ਲਈ ਇਹਨਾਂ ਨਿਯਮਾਂ ਵਿੱਚ ਕੀਤੇ ਗਏ ਉਪਬੰਧਾਂ ਅਨੁਸਾਰ ਸਿੱਖਿਆ ਵਿਭਾਗ ਦੇ ਖੇਤਰੀ ਦਫਤਰਾਂ/ ਸਕੂਲਾਂ/ ਸੰਸਥਾਵਾਂ/ ਕਾਲਜਾਂ ਵਿੱਚ ਕੰਮ ਕਰਦੇ ਮੌਜੂਦਾ ਅਧਿਕਾਰੀਆਂ/ ਕਰਮਚਾਰੀਆਂ ਵੱਲੋਂ ਇਹ ਆਪਸ਼ਨ ਦੇਣੀ ਬਣਦੀ ਹੈ ਕਿ ਉਹ ਆਪਣੇ ਮੌਜੂਦਾ ਕਾਡਰ ਵਿੱਚ ਰਹਿਣਾ ਚਾਹੁੰਦੇ ਹਨ ਜਾਂ ਉਚੇਰੀ ਸਿੱਖਿਆ ਵਿਭਾਗ ਵਿੱਚ ਨਵੇਂ ਬਣਾਏ ਗਏ ਕਾਡਰਾਂ ਵਿੱਚ ਜਾਣਾ ਚਾਹੁੰਦੇ ਹਨ। ਇਸ ਲਈ ਆਪ

Scanned with OKEN Scanner

ਨੂੰ ਲਿਖਿਆ ਜਾਂਦਾ ਹੈ ਕਿ ਮਿਤੀ 28.10.2021 ਨੂੰ ਉਚੇਰੀ ਸਿੱਖਿਆ ਵਿਭਾਗ ਦੇ ਗਰੁੱਪ ਏ, ਬੀ ਅਤੇ ਸੀ ਦੇ ਰੂਲਜ ਨੋਟੀਫਾਈ ਹੋਣ ਸਮੇਂ ਦਫਤਰਾਂ/ ਸਕੂਲਾਂ/ ਸੰਸਥਾਵਾਂ / ਕਾਲਜਾਂ ਵਿੱਚ ਤਾਇਨਾਤ ਮਨਿਸਟੀਰੀਅਲ ਸਟਾਫ ਦੇ ਅਧਿਕਾਰੀ/ ਕਰਮਚਾਰੀ ਤੋਂ ਨੱਥੀ ਆਪਸ਼ਨ ਪ੍ਰੋਫਾਰਮੇ ਅਨੁਸਾਰ ਉਨ੍ਹਾਂ ਦੀਆਂ ਆਪਸ਼ਨ ਭਰਵਾ ਕੇ ਮਿਤੀ 10.01.2024 ਤੱਕ ਮੁੱਖ ਦਫਤਰ ਵਿਖੇ ਪੁੱਜਦੀਆਂ ਕੀਤੀਆਂ ਜਾਣ। ਜਿਹਨਾਂ ਅਧਿਕਾਰੀਆਂ/ ਕਰਮਚਾਰੀਆਂ ਪਾਸੋਂ ਨਿਸਚਿਤ ਮਿਤੀ ਤੱਕ ਕੋਈ ਵੀ ਆਪਸ਼ਨ ਨਹੀਂ ਦਿੱਤੀ ਜਾਵੇਗੀ ਤਾਂ ਅਜਿਹੇ ਅਧਿਕਾਰੀਆਂ/ ਕਰਮਚਾਰੀਆਂ ਨੂੰ ਮੌਜੂਦਾ ਕਾਡਰ ਵਿੱਚ ਹੀ ਮੰਨਿਆ ਜਾਵੇਗਾ। ਜਿਨ੍ਹਾਂ ਕਰਮਚਾਰੀਆਂ ਵੱਲੋਂ ਕਾਲਜ ਕਾਡਰ ਵਿੱਚ ਜਾਣ ਸਬੰਧੀ ਆਪਸ਼ਨ ਦਿੱਤੀ ਜਾਵੇਗੀ, ਉਨ੍ਹਾਂ ਦੇ ਵੇਰਵੇ ਨਾਲ ਨੱਥੀ ਪ੍ਰਫਾਰਮੇ (Excel sheet) ਵਿੱਚ ਭਰ ਕੇ ਭੇਜੇ ਜਾਣ।

ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਵੱਲੋਂ ਤਿਆਰ ਕੀਤੀ ਗਈ ਸੂਚਨਾ ਵੀ ਸੈਕੰਡਰੀ ਦਫਤਰ ਵੱਲੋਂ Consolidate ਕਰਕੇ ਭੇਜੀ ਜਾਵੇ।

(ਸਹੀ/-) 5/1/24
**(ਅਸ਼ਵਨੀ ਕੁਮਾਰ)**
**ਸੁਪਰਡੰਟ ਦਫਤਰੀ ਅਮਲਾ**

ਦਫਤਰ ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਬਠਿੰਡਾ

ਪਿੱਠ. ਅੰ. ਨੰ:- ਅ-4/2021/ਨੁਟਕਸ/1()/2024/169 ਮਿਤੀ 5-1-2024

ਉਪਰੋਕਤ ਦਾ ਉਤਾਰਾ:-

1. ਜਿਲ੍ਹਾ ਸਿੱਖਿਆ ਅਫਸਰ (ਐ.ਸਿ.) ਬਠਿੰਡਾ
2. ਪ੍ਰਿੰਸੀਪਲ ਡਾਈਟ ਦਿਓਣ ਜਿਲ੍ਹਾ ਬਠਿੰਡਾ
3. ਸਮੂਹ ਬੀ.ਪੀ.ਈ.ਓਜ਼ ਜਿਲ੍ਹਾ ਬਠਿੰਡਾ
4. ਸਮੂਹ ਸਰਕਾਰੀ ਕਾਲਜਾਂ ਦੇ ਮੁੱਖੀ ਜਿਲ੍ਹਾ ਬਠਿੰਡਾ
5. ਪ੍ਰਿੰਸੀਪਲ/ ਮੁੱਖ ਅਧਿਆਪਕ/ ਇੰਚਾਰਜ/ ਡੀ.ਡੀ.ਓਜ਼ ਸ.ਸ.ਸ.ਸ./ਸ.ਹ.ਸ./ਸ.ਮ.ਸ. ਜਿਲ੍ਹਾ ਬਠਿੰਡਾ
6. ਸੁਪਰਡੰਟ ਅਮਲਾ, ਲੇਖਾ, ਸਟੋਰ, ਆਡਿਟ, ਆਈ.ਟੀ. ਅਤੇ ~~[illegible]~~ ਨੂੰ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਮੁੱਖ ਦਫਤਰ ਤੋਂ ਪ੍ਰਾਪਤ ਉਕਤ ਪੱਤਰ ਵਿੱਚ ਦਰਜ ਹਦਾਇਤਾਂ ਦੀ ਇੰਨ ਬਿੰਨ ਪਾਲਣਾ ਕਰਦੇ ਹੋਏ ਸਬੰਧਤ ਕਰਮਚਾਰੀਆਂ ਪਾਸੋਂ ਆਪਸ਼ਨ ਪ੍ਰਾਪਤ ਕਰਕੇ ਇਕਠੀਆਂ 03-03 ਸੈਟ ਸਮੇਤ ਕਾਪੀਆਂ ਮਿਤੀ 8-1-2024 ਤੱਕ ਆਪਸ਼ਨਾਂ ਭੇਜਣ ਉਪਰੰਤ ਇਸ ਦਫਤਰ ਦੇ ਕੇ ਮਿਤੀ 10-1-2024 ਨੂੰ ਆਪਸ਼ਨਾਂ ਮੁੱਖ ਦਫਤਰ ਵਿਖੇ ਜਮਾਂ ਕਰਵਾਈਆਂ ਜਾਣੀਆਂ ਜ਼ਰੂਰੀ ਹਨ। ਮਿਥੇ ਸਮੇਂ ਤੋਂ ਬਾਅਦ ਪ੍ਰਾਪਤ ਹੋਈ ਕੋਈ ਆਪਸ਼ਨ ਨੂੰ ਸਵੀਕਾਰ ਨਹੀਂ ਕੀਤਾ ਜਾਵੇਗਾ। ਇਸ ਨੂੰ ਅਤੀ ਜ਼ਰੂਰੀ ਸਮਝਿਆ ਜਾਵੇ।

(ਸਹੀ/-)
ਜਿਲ੍ਹਾ ਸਿੱਖਿਆ ਅਫਸਰ (ਸੈ.ਸਿ.)
ਬਠਿੰਡਾ

Scanned with OKEN Scanner

# ਆਪਸ਼ਨ ਫਾਰਮ

ਮੈਂ....................................... ਇਸ ਸਮੇਂ ਬਤੌਰ ..................................
ਦਫਤਰ .............................. ਵਿਖੇ ਕੰਮ ਕਰ ਰਿਹਾ/ਰਹੀ ਹਾਂ। ਮੇਰੀ ਮੁੱਢਲੀ ਨਿਯੁਕਤੀ ਬਤੌਰ ...................... ਹੋਈ ਸੀ ਅਤੇ ਮੈਂ ਮਿਤੀ.............................. ਨੂੰ ਸਰਕਾਰੀ ਨੌਕਰੀ ਜੁਆਇੰਨ ਕੀਤੀ ਸੀ। ਮੇਰੇ ਮੌਜੂਦਾ ਕਾਡਰ ਵਿੱਚ ਮੇਰਾ ਨਾਮ ਸੀਨੀਆਰਤਾ ਨੰ........................ਤੇ ਦਰਜ ਹੈ। ਮੈਂ ਹੇਠ ਅਨੁਸਾਰ ਆਪਸ਼ਨ ਦਿੰਦਾ ਹਾਂ ਕਿ:-

1. ਮੈਂ ਆਪਣੇ ਮੌਜੂਦਾ ਕਾਡਰ ਵਿੱਚ ਹੀ ਰਹਿਣਾ ਚਾਹੁੰਦਾ/ਚਾਹੁੰਦੀ ਹਾਂ।
2. ਮੈਂ ਉਚੇਰੀ ਸਿੱਖਿਆ ਵਿਭਾਗ ਵਿੱਚ ਮਨੀਸਟਰੀਅਲ ਸਟਾਫ ਦੇ ਨਵੇਂ ਬਣਾਏ ਗਏ ਕਾਡਰਾਂ ਵਿੱਚ ਜਾਣ ਲਈ ਆਪਣੀ ਸਹਿਮਤੀ/ਆਪਸ਼ਨ ਦਿੰਦਾ/ਦਿੰਦੀ ਹਾਂ।

ਮੈਂ ਇਹ ਤਸਦੀਕ ਕਰਦਾ/ਕਰਦੀ ਹਾਂ ਕਿ ਮੈਂ ਉਪਰੋਕਤ ਆਪਸ਼ਨਾਂ ਵਿੱਚੋ ਲੜੀ ਨੰ.......................... (ਮੌਜੂਦਾ ਕਾਡਰ/ਉਚੇਰੀ ਸਿੱਖਿਆ) ਵਿੱਚ ਰਹਿਣ ਦੀ ਆਪਸ਼ਨ ਦਿੱਤੀ ਹੈ ਅਤੇ ਇਹ ਆਪਸ਼ਨ ਭਵਿੱਖ ਵਿੱਚ ਬਦਲੀ ਨਹੀਂ ਜਾ ਸਕਦੀ।

ਹਸਤਾਖਰ-

ਨਾਮ-

ਮੌਜੂਦਾ ਅਹੁੱਦਾ-

ਮੌਜੂਦਾ ਪੋਸਟਿੰਗ-

ਆਈ.ਐਚ.ਆਰ.ਐਸ ਕੋਡ-

Scanned with OKEN Scanner